## ਸਕੂਲ ਦੀ ਵਿਜ਼ਿਟ ਕਰਨ ਤੋਂ ਪਹਿਲਾਂ ਧਿਆਨ ਵਿੱਚ ਰੱਖਣ ਵਾਲੀਆਂ ਖਾਸ ਗੱਲਾਂ

**Things to consider before your visit**

- ਇਸ ਨਾਲ ਸ਼ਾਇਦ ਜ਼ਿਆਦਾ ਮਦਦ ਮਿਲੇ ਜੇ ਤੁਸੀਂ ਸਕੂਲ ਦੇ ਘੰਟਿਆਂ ਵਿੱਚ, ਜਦੋਂ ਬੱਚੇ ਕਲਾਸ ਵਿੱਚ ਹੋਣ, ਉਸ ਸਮੇਂ ਸਕੂਲ ਦੀ ਵਿਜ਼ਿਟ ਕਰੋ
- ਕੀ ਇਸ ਨਾਲ ਮਦਦ ਮਿਲੇਗੀ ਕਿ ਜੇ ਤੁਸੀਂ ਬੱਚੇ ਨੂੰ ਆਪਣੇ ਨਾਲ ਲੈ ਕੇ ਜਾਓ?
- ਕੀ ਤੁਸੀਂ ਚਾਹੁੰਦੇ ਹੋ ਕਿ ਸਕੂਲ ਦਾ ਦੌਰਾ ਕਰਨ ਵੇਲੇ ਕੋਈ ਤੁਹਾਨੂੰ ਰਾਹਨੁਮਾਈ ਦੇਵੇ ਅਤੇ ਸਵਾਲ ਪੁੱਛਣ ਦਾ ਮੌਕਾ ਮਿਲੇ?
- ਕੀ ਤੁਸੀਂ ਚਾਹੁੰਦੇ ਹੋ ਕਿ ਕੋਈ ਹੋਰ ਬਾਲਗ ਵੀ ਤੁਹਾਡੇ ਨਾਲ ਆਵੇ?
- ਕੀ ਤੁਸੀਂ ਸਕੂਲ ਬਾਰੇ ਦੂਸਰੇ ਮਾਪਿਆਂ ਅਤੇ ਬੱਚਿਆਂ ਨਾਲ ਗੱਲ ਕਰ ਸਕਦੇ ਹੋ?
- ਕੀ ਇਸ ਸਕੂਲ ਨੂੰ ਜਾਣਾ ਸੌਖਾ ਹੈ?
- ਹਰ ਇੱਕ ਸਕੂਲ ਵਿੱਚ ਇੱਕ ਅਧਿਆਪਕ/ਟੀਚਰ ਹੁੰਦਾ ਹੈ ਜੋ ਸਪੈਸ਼ਲ ਏਜੂਕੇਸ਼ਨ ਨੀਡਜ਼ (ਖਾਸ ਵਿਦਿਅਕ ਲੋੜਾਂ) ਦਾ ਬੰਦੋਬਸਤ ਕਰਨ ਲਈ ਤਾਲਮੇਲ ਕਰਦਾ ਹੈ। (ਇਸ ਨੂੰ ਸੈਨਕੋ SENCO ਜਾਂ ਸਪੈਸ਼ਲ ਏਜੂਕੇਸ਼ਨ ਕੋਆਰਡੀਨੇਟਰ ਕਹਿੰਦੇ ਹਨ।
- ਤੁਸੀਂ ਸ਼ਾਇਦ ਆਪਣੇ ਬੱਚੇ ਦੀਆਂ ਲੋੜਾਂ ਬਾਰੇ SENCO ਨਾਲ ਗੱਲ ਕਰਨੀ ਚਾਹੋ।

## ਬੱਚਿਆਂ ਬਾਰੇ ਪੁੱਛਣ ਵਾਲੇ ਸਵਾਲ

**Questions to ask about children**

- ਸਕੂਲ ਉਨ੍ਹਾਂ ਬੱਚਿਆਂ ਲਈ ਜਿਨ੍ਹਾਂ ਨੂੰ ਵਾਧੂ ਸਪੋਰਟ ਦੀ ਲੋੜ ਹੈ ਉਸ ਦਾ ਬੰਦੋਬਸਤ ਕਿਵੇਂ ਕਰਦਾ ਹੈ
- ਕੀ ਸਪੋਰਟ ਆਮ ਤੌਰ ਤੇ ਕਲਾਸਰੂਮ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ?
- ਦੂਸਰੇ ਬੱਚਿਆਂ ਨਾਲ ਰਲਣ ਮਿਲਣ ਵਿੱਚ ਬੱਚਿਆਂ ਦੀ ਕਿਵੇਂ ਮਦਦ ਕੀਤੀ ਜਾਂਦੀ ਹੈ?
- ਵਿਦਿਆਰਥੀਆਂ ਅਤੇ ਸਟਾਫ਼ ਨੂੰ ਪਤਾ ਹੋਵੇ ਕਿ ਹਰ ਇੱਕ ਦੀਆਂ ਵੱਖ ਵੱਖ ਲੋੜਾਂ ਹੁੰਦੀਆਂ ਹਨ ਇਸ ਗੱਲ ਦਾ ਯਕੀਨ ਕਰਨ ਲਈ ਸਕੂਲ ਕੀ ਕਰਦਾ ਹੈ?

### ਸਕੂਲਾਂ ਬਾਰੇ

- ਕੀ ਸਕੂਲ ਦੇ ਸਾਰੇ ਏਰੀਏ ਤੱਕ ਤੁਹਾਡੇ ਬੱਚੇ ਦੀ ਪਹੁੰਚ ਹੈ ਜਾਂ ਇਸ ਵਿੱਚ ਤਬਦੀਲੀਆਂ ਲਿਆਉਣੀਆਂ ਜ਼ਰੂਰੀ ਹਨ?
- ਤੁਹਾਡੇ ਬੱਚੇ ਦੀ ਕਲਾਸ ਵਿੱਚ ਕਿੰਨੇ ਬੱਚੇ ਹੋਣਗੇ?
- ਸਕੂਲ ਬੱਚਿਆਂ ਨੂੰ ਇਹ ਸਿਖਾਲਣ ਵਿੱਚ ਕਿਵੇਂ ਮਦਦ ਕਰਦਾ ਹੈ ਕਿ ਵਰਤਾਓ ਕਿਵੇਂ ਕਰਨਾ ਹੈ ਅਤੇ ਹਰ ਇੱਕ ਲਈ ਇਸ ਨੂੰ ਖ਼ੁਸ਼ ਥਾਂ ਕਿਵੇਂ ਬਣਾਉਣਾ ਹੈ?
- ਸਪੈਸ਼ਲ ਏਜੂਕੇਸ਼ਨ ਨੀਡਜ਼ ਵਾਲੇ ਬੱਚਿਆਂ ਵੱਲ ਸਕੂਲ ਦਾ ਕੀ ਰਵੱਈਆ ਹੈ?
- ਉਹ ਇਸ ਗੱਲ ਦਾ ਯਕੀਨ ਕਿਵੇਂ ਕਰਦੇ ਹਨ ਕਿ ਸਕੂਲ ਸੁਰੱਖਿਅਤ ਹੋਵੇ?
- ਉਹ ਮਾਪਿਆਂ ਨੂੰ ਸਕੂਲ ਦੀ ਜ਼ਿੰਦਗੀ ਵਿੱਚ ਕਿਵੇਂ ਸ਼ਾਮਲ ਕਰਦੇ ਹਨ?
- ਸਕੂਲ ਤੁਹਾਡੇ ਨਾਲ ਤੁਹਾਡੇ ਬੱਚੇ ਬਾਰੇ ਅਤੇ ਉਸ ਦੀ ਤਰੱਕੀ ਬਾਰੇ ਗੱਲਬਾਤ ਕਿਵੇਂ ਕਰੇਗਾ?

## ਉਹ ਗੱਲਾਂ ਜਿਨ੍ਹਾਂ ਬਾਰੇ ਦੇਖਣਾ

**Things to look for**

- ਕੀ ਤੁਸੀਂ ਮਹਿਸੂਸ ਕੀਤਾ ਕਿ ਤੁਹਾਡਾ ਸੁਆਗਤ ਕੀਤਾ ਗਿਆ ਹੈ?
- ਕੀ ਬੱਚੇ ਖ਼ੁਸ਼ ਲੱਗਦੇ ਹਨ? ਕੀ ਉਹ ਮਦਦ ਕਰਦੇ ਹਨ ਅਤੇ ਮਿਲਣਸਾਰ ਹਨ?
- ਕੀ ਕਲਾਸਰੂਮ ਇਸ ਤਰ੍ਹਾਂ ਦੀ ਥਾਂ ਦਿਖਾਈ ਦਿੰਦੀ ਹੈ ਕਿ ਜਿੱਥੇ ਬੱਚੇ ਸਿੱਖ ਸਕਦੇ ਹੋਣ?
- ਕੀ ਸਾਰਾ ਸਕੂਲ ਕਿਸੇ ਨਿਯਮ ਅਤੇ ਕਾਬੂ ਵਿੱਚ ਦਿਖਾਈ ਦਿੰਦਾ ਹੈ?
- ਕੀ ਕੋਰੀਡੋਰ ਅਤੇ ਟਾਇਲਟ ਵਾਲੀ ਥਾਂ ਸਾਫ਼ ਸੁਥਰੀ ਹੈ?
- ਕੀ ਇੱਥੇ ਕੋਈ ਸਬੂਤ ਹੈ ਕਿ ਸਕੂਲ ਵੱਖ ਵੱਖ ਸਭਿਆਤਾਵਾਂ ਨੂੰ ਮਨਾਉਂਦਾ ਹੈ?
- ਕੀ ਸਕੂਲ ਵਿੱਚ ਡਿਸਪਲੇ ਕੀਤਾ ਸਮਾਨ ਹੁਣ ਦੇ ਸਮੇਂ ਮੁਤਾਬਿਕ ਅਤੇ ਦਿਲਚਸਪੀ ਵਾਲਾ ਹੈ ਅਤੇ ਕੀ ਉਹ ਸਭ ਯੋਗਤਾਵਾਂ ਵਾਲੇ ਬੱਚਿਆਂ ਨੂੰ ਸ਼ਾਮਲ ਕਰਦੇ ਹਨ?
- ਕੀ ਸਟਾਫ਼ ਤੁਹਾਡੇ ਅਤੇ ਤੁਹਾਡੇ ਬੱਚੇ ਵਿੱਚ ਦਿਲਚਸਪੀ ਰੱਖਦਾ ਦਿਖਾਈ ਦਿੰਦਾ ਹੈ?
- ਕੀ ਤੁਸੀਂ ਆਪਣੇ ਦਿਨ ਉੱਥੇ ਬਿਤਾਉਣਾ ਚਾਹੋਗੇ?

## ਲਿੱਖਤੀ ਜਾਣਕਾਰੀ
**Written information**

ਇੱਥੇ ਸਟੇਨਡਰਡ/ਮਿਆਰ ਦੇਖਣ ਵਾਲੇ ਕਈ ਦਸਤਾਵੇਜ਼ ਹਨ ਜੋ ਸਕੂਲ ਵਿੱਚ ਹੋਣੇ ਚਾਹੀਦੇ ਹਨ– ਤੁਸੀਂ ਸ਼ਾਇਦ ਇਨ੍ਹਾਂ ਬਾਰੇ ਪੁੱਛਣਾ ਚਾਹੋ:

- ਸਕੂਲ ਦਾ ਬਰੋਚਰ (ਕਿਤਾਬਚਾ);
- ਸਪੈਸ਼ਲ ਏਜੁਕੇਸ਼ਨ ਨੀਡਜ਼ ਬਾਰੇ ਪਾਲਿਸੀ;
- ਵਰਤਾਓ ਬਾਰੇ ਪਾਲਿਸੀ;
- ਬਰਾਬਰੀ ਦੇ ਮੌਕਿਆਂ ਬਾਰੇ ਪਾਲਿਸੀ;
- ਗਵਰਨਰ ਵਲੋਂ ਮਾਪਿਆਂ ਲਈ ਸਲਾਨਾ ਰਿਪੋਰਟ

## ਸੋਚਣ ਲਈ ਕਈ ਹੋਰ ਗੱਲਾਂ/ਚੀਜ਼ਾਂ
**Other things to think about**

ਬੱਚਿਆਂ ਵੱਲ ਸਟਾਫ਼ ਦਾ ਸਹੀ ਰਵੱਈਆ ਹੋਣਾ ਚਾਹੀਦਾ ਹੈ, ਬੱਚਿਆਂ ਦੀਆਂ ਤਾਕਤਾਂ/ਚੰਗੀਆਂ ਗੱਲਾਂ ਨੂੰ ਵੱਧ ਤੋਂ ਵੱਧ ਅੱਗੇ ਵਧਾਉਣ ਦੀ ਇੱਛਾ ਰੱਖਣ ਦੇ ਚਾਹਵਾਨ ਅਤੇ ਉਨ੍ਹਾਂ ਨੂੰ ਮੁਸ਼ਕਲਾਂ ਵਿੱਚੋਂ ਲੰਘਣ ਵਿੱਚ ਮਦਦ ਕਰਨ ਵਾਲੇ ਹੋਣ।

ਬੱਚਿਆਂ ਦੀ ਭਲਾਈ ਲਈ ਮਾਪਿਆਂ ਨਾਲ ਟੀਮ ਦੇ ਤੌਰ ਤੇ ਇਕੱਠੇ ਮਿਲ ਕੇ ਕੰਮ ਕਰਨ ਲਈ ਬਰਾਬਰ ਦੇ ਸਾਥੀ ਹੋਣ ਵਾਲਾ ਵਰਤਾਓ ਅਤੇ ਉਨ੍ਹਾਂ ਦੀ ਦੇਣ ਦੀ ਕਦਰ ਕਰਨੀ ਚਾਹੀਦੀ ਹੈ।

ਸਕੂਲ ਦੇ ਗਵਰਨਰਾਂ ਦੀ ਸਕੂਲ ਵਿੱਚ ਸਪੈਸ਼ਲ ਏਜੁਕੇਸ਼ਨ ਨੀਡਜ਼ ਲਈ ਕੁਝ ਜ਼ੁਮੇਂਵਾਰੀ ਹੈ।

ਇੱਕ ਹੋਰ ਲੀਫਲੇੱਟ ਹੈ ਜੋ ਸ਼ਾਇਦ ਤੁਸੀਂ ਫਾਇਦੇਮੰਦ ਸਮਝੋ 'ਕਿਹੜਾ ਸਕੂਲ?'

ਅਸੀਂ ਵਲੰਟਰੀ ਸੈਕਟਰ ਤੇ ਆਧਾਰਿਤ ਹਾਂ ਅਤੇ ਫੈਮਿਲੀ ਵੇਲਫੈਅਰ (ਪਰਿਵਾਰ ਦੀ ਭਲਾਈ) ਏਸੋਸੀਏਸ਼ਨ ਦੀ ਹਿਮਾਇਤ ਮਿਲਦੀ ਹੈ ਅਤੇ ਨੌਟਿੰਘਮ ਸਿਟੀ ਕਾਉਂਸਲ ਅਤੇ ਨੌਟਿੰਘਮਸ਼ਾਇਰ ਕਾਉਂਟੀ ਕਾਉਂਸਲ ਵਲੋਂ ਫੰਡ ਮਿਲਦਾ ਹੈ।

ਪੇਰੇਂਟ ਪਾਰਟਨਰਸ਼ਿੱਪ ਸਰਵਿਸ (ਮਾਪਿਆਂ ਨਾਲ ਸਾਂਝਦਾਰੀ)
ਸੁਈਟ 5 ਕਲੇਰੇਨਡਨ ਚੈਂਮਬਰਸ
Parent Partnership Service
Suite 5 Clarendon Chambers
32 Clarendon Street
Nottingham NG1 5LN

ਫੋਨ, ਫੈਕਸ ਜਾਂ ਮਿਨੀਕਮ: 0115 948 2888

ਇਹ ਨੰਬਰ ਸਿਟੀ ਅਤੇ ਕਾਉਂਟੀ ਦੇ ਮਾਪਿਆਂ ਲਈ ਹੈ।
ਈਮੇਲ: enquiries@ppsnotts.org.uk
ਵੇੱਬਸਾਈਟ: www.ppsnotts.org.uk

Panjabi

ਸਪੈਸ਼ਲ ਏਜੁਕੇਸ਼ਨ ਨੀਡਜ਼ (ਖਾਸ ਵਿਦਿਅਕ ਜ਼ਰੂਰਤਾਂ)
ਅਤੇ ਡਿਸਏਬਿਲਟੀਜ਼ (ਅਯੋਗਤਾ) ਵਾਲੇ ਬੱਚੇ

# ਸਕੂਲ ਦੀ ਵਿਜ਼ਿਟ ਕਰਨ ਲਈ ਧਿਆਨ ਵਿੱਚ ਰੱਖਣ ਵਾਲੀਆਂ ਗੱਲਾਂ

**Checklist for visiting schools**

### ਕੀ ਤੁਸੀਂ ਆਪਣੇ ਬੱਚੇ ਲਈ ਸਕੂਲ ਦੇਖ ਰਹੇ ਹੋ?

ਮਾਪਿਆਂ ਅਤੇ ਕੇਅਰਰਾਂ ਦੀ ਮਦਦ ਕਰਨ ਲਈ ਕਿ ਕਿਸ ਚੀਜ਼ ਨੂੰ ਧਿਆਨ ਵਿੱਚ ਰੱਖਣਾ, ਰਾਹਨੁਮਾਈ ਦੇਣ ਲਈ ਪਰਚਾ